**ਨਿਊਜ਼** ਰਿਲੀਜ਼

# ਐਲਬਰਟਾ ਦੇ ਸੀਨੀਅਰ ਹੁਣ ਕੋਵਿਡ-19 ਵੈਕਸੀਨਾਂ ਲਈ ਯੋਗ

19 ਫਰਵਰੀ 2021

---

## ਐਲਬਰਟਾ ਸਰਕਾਰ ਸੂਬੇ ਭਰ 'ਚ 75 ਸਾਲ ਜਾਂ ਵੱਧ ਉਮਰ ਦੇ ਸਾਰੇ ਸੀਨੀਅਰਾਂ ਨੂੰ ਕੋਵਿਡ-19 ਵੈਕਸੀਨ ਲਗਾਉਣੇ ਸ਼ੁਰੂ ਕਰੇਗੀ।

19 ਫਰਵਰੀ ਤੋਂ ਸ਼ੁਰੂ ਕਰਕੇ, ਐਲਬਰਟਾ ਹੈਲਥ ਸਰਵਿਸਿਜ਼ ਵੱਲੋਂ ਰਿਟਾਇਰਮੈਂਟ ਸੈਂਟਰਾਂ, ਲੌਜਾਂ, ਮਦਦਗਾਰੀ ਰਿਹਾਇਸ਼ਾਂ ਅਤੇ ਹੋਰ ਸਮੂਹਿਕ ਰਿਹਾਇਸ਼ ਵਾਲੀਆਂ ਫੈਸਿਲਿਟੀਆਂ ਦੇ ਸਾਰੇ ਨਿਵਾਸੀਆਂ ਨੂੰ, ਜਿਹੜੇ 75 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ, ਸਿੱਧਿਆਂ ਵੈਕਸੀਨ ਲਗਾਏ ਜਾਣਗੇ।

24 ਫਰਵਰੀ ਤੋਂ ਸ਼ੁਰੂ ਕਰਕੇ, ਕਮਿਊਨਿਟੀ 'ਚ ਰਹਿਣ ਵਾਲਾ ਕੋਈ ਵੀ ਐਲਬਰਟਾ ਨਿਵਾਸੀ ਜਿਹੜਾ 1946 'ਚ ਜਾਂ ਇਸ ਤੋਂ ਪਹਿਲਾਂ ਜਨਮਿਆਂ, ਕੋਵਿਡ-19 ਵੈਕਸੀਨ ਲਗਵਾਉਣ ਵਾਸਤੇ ਐਪੁਆਇੰਮੈਂਟ ਬੁੱਕ ਕਰ ਸਕਣ ਦੇ ਯੋਗ ਹੋਵੇਗਾ। ਐਪੁਆਇੰਮੈਂਟ ਮਿਲ ਸਕਣਾ ਵੈਕਸੀਨ ਦੀ ਸਪਲਾਈ 'ਤੇ ਆਧਾਰਿਤ ਹੋਵੇਗਾ।

## ਇਕੱਲੇ ਰਹਿੰਦੇ ਅਤੇ ਕਮਿਊਨਿਟੀ 'ਚ ਰਹਿੰਦੇ ਸੀਨੀਅਰ

ਕੋਈ ਵੀ ਵਿਅਕਤੀ ਜਿਹੜਾ 1946 ਜਾਂ ਇਸ ਤੋਂ ਪਹਿਲਾਂ ਜਨਮਿਆਂ ਉਹ ਵੈਕਸੀਨ ਲਗਵਾ ਸਕਣ ਲਈ ਯੋਗ ਹੋਵੇਗਾ, ਭਾਵੇਂ ਉਹ ਜਿੱਥੇ ਮਰਜ਼ੀ ਰਹਿੰਦੇ ਹੋਣ। ਸੀਨੀਅਰ ਐਲਬਰਟਾ ਹੈਲਥ ਸਰਵਿਸਿਜ਼ ਰਾਹੀਂ ਇਕ ਆਨਲਾਈਨ ਅਤੇ ਟੈਲੀਫੋਨ ਬੁੱਕਿੰਗ ਸਿਸਟਮ ਦੀ ਵਰਤੋਂ ਕਰਦਿਆਂ ਹੋਇਆਂ ਟੀਕਾ ਲਗਵਾਉਣ ਲਈ ਆਪਣੀ ਐਪੁਆਇੰਮੈਂਟ ਬੁੱਕ ਕਰ ਸਕਦੇ ਹੋਣਗੇ।

ਬੁੱਕ ਕਿਵੇਂ ਕਰਨਾਂ ਹੈ – ਫੋਨ ਰਾਹੀਂ ਜਾਂ ਆਨਲਾਈਨ – ਇਸ ਬਾਰੇ ਵਿਸਥਾਰ 24 ਫਰਵਰੀ ਨੂੰ ਜਾਰੀ ਕੀਤੇ ਜਾਣਗੇ ਅਤੇ ਕੋਵਿਡ-19 ਵੈਕਸੀਨ ਵੈੱਬਪੇਜ 'ਤੇ ਲਿੰਕ ਪਾ ਦਿੱਤੇ ਜਾਣਗੇ। ਇਕੱਲਿਆਂ ਰਹਿੰਦੇ ਸੀਨੀਅਰਾਂ ਅਤੇ ਚੱਲ ਫਿਰ ਸਕਣ 'ਚ ਔਕੜਾਂ ਵਾਲੇ ਸੀਨੀਅਰਾਂ ਵਾਸਤੇ ਸਹਾਇਤਾ ਸਬੰਧੀ ਜਾਣਕਾਰੀ ਵੀ ਵੈੱਬਪੇਜ 'ਤੇ ਪਾ ਦਿੱਤੀ ਜਾਵੇਗੀ।

### ਸਮੂਹਿਕ ਰਿਹਾਇਸ਼ਾਂ 'ਚ ਰਹਿ ਰਹੇ ਸੀਨੀਅਰ

ਐਲਬਰਟਾ ਹੈਲਥ ਸਰਵਿਸਿਜ਼ ਵੱਲੋਂ ਰਿਟਾਇਰਮੈਂਟ ਸੈਂਟਰਾਂ, ਲੌਜਾਂ, ਮਦਦਗਾਰੀ ਰਿਹਾਇਸ਼ਾਂ ਅਤੇ ਹੋਰ ਸਮੂਹਿਕ ਰਿਹਾਇਸ਼ ਵਾਲੀਆਂ ਫੈਸਿਲਿਟੀਆਂ ਦੇ ਸਾਰੇ ਨਿਵਾਸੀਆਂ ਨੂੰ, ਜਿਹੜੇ 75 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ, ਸਿੱਧਿਆਂ ਵੈਕਸੀਨ ਲਗਾਏ ਜਾਣਗੇ।
ਉਨ੍ਹਾਂ ਥਾਵਾਂ 'ਤੇ ਜਿੱਥੇ ਯੋਗ ਸੀਨੀਅਰ 75 ਸਾਲ ਤੋਂ ਘੱਟ ਉਮਰ ਵਾਲੇ ਵਿਅਕਤੀਆਂ ਨਾਲ ਮੇਲਜੋਲ 'ਚ ਆਉਂਦੇ ਹਨ, ਉੱਥੇ ਸਿਹਤ ਅਧਿਕਾਰੀ ਫੈਸਿਲਿਟੀ ਵਿਚ ਰਹਿਣ ਵਾਲੇ ਹਰੇਕ ਜਣੇ ਨੂੰ ਵੈਕਸੀਨ ਲਗਾਉਣਗੇ। ਸਾਰੇ ਨਿਵਾਸੀਆਂ ਨੂੰ ਇਕੋ ਹੀ ਸਮੇਂ ਕੋਵਿਡ-19 ਵੈਕਸੀਨ ਲਗਾਉਣਾ ਸਮੁੱਚੇ ਰੂਪ 'ਚ ਬੀਮਾਰੀ ਦੇ ਸੰਚਾਰ, ਗੰਭੀਰ ਬੀਮਾਰੀ ਅਤੇ ਜਲਦੀ ਲਪੇਟ 'ਚ ਆ ਸਕਣ ਵਾਲੇ ਵਿਅਕਤੀਆਂ 'ਚ ਮੌਤ ਦੇ ਖਤਰੇ ਨੂੰ ਘਟਾਉਂਦਾ ਹੈ।

### ਯੋਗ ਐਲਬਰਟਾ ਨਿਵਾਸੀ

75 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸੀਨੀਅਰ ਉਨ੍ਹਾਂ ਐਲਬਰਟਾ ਨਿਵਾਸੀਆਂ ਦੀ ਵਧ ਰਹੀ ਸੂਚੀ 'ਚ ਦਾਖਲ ਹੋ ਜਾਣਗੇ ਜਿਹੜੇ ਕੋਵਿਡ-19 ਵੈਕਸੀਨ ਲਗਵਾਉਣ

ਲਈ ਯੋਗ ਬਣਦੇ ਹਨ, ਇੰਨ੍ਹਾਂ 'ਚ ਸ਼ਾਮਲ ਹਨ:

- ਕੋਵਿਡ-19 ਯੂਨਿਟਾਂ, ਮੈਡੀਕਲ ਅਤੇ ਸਰਜੀਕਲ ਯੂਨਿਟਾਂ ਅਤੇ ਆਪਰੇਟਿੰਗ ਰੂਮਾਂ 'ਚ ਕੰਮ ਕਰਦੇ ਹੈਲਥ-ਕੇਅਰ ਵਰਕਰ
- ਐਮਰਜੈਂਸੀ ਵਿਭਾਗਾਂ 'ਚ ਕੰਮ ਕਰਦੇ ਹੈਲਥ-ਕੇਅਰ ਵਰਕਰ
- ਹੋਮ ਕੇਅਰ ਵਰਕਰ
- ਲੌਂਗ-ਟਰਮ ਕੇਅਰ ਅਤੇ ਮਨੋਨੀਤ ਮਦਦਗਾਰੀ ਰਿਹਾਇਸ਼ੀ ਫੈਸਿਲਿਟੀਆਂ ਦੇ ਨਿਵਾਸੀ ਅਤੇ ਸਟਾਫ।
- ਰੈਸਪੀਰੇਟੋਰੀ ਥੈਰੇਪਿਸਟ
- ਪੈਰਾਮੈਡਿਕਸ ਅਤੇ ਐਮਰਜੈਂਸੀ ਮੈਡੀਕਲ ਤਕਨੀਸ਼ੀਅਨ
- ਫਸਟ ਨੇਸ਼ਨਜ਼, ਮੈਟਿਸ ਅਤੇ ਫਸਟ ਨੇਸ਼ਨਜ਼ ਕਮਿਊਨਿਟੀ ਜਾਂ ਮੈਟਿਸ ਸੈਟਲਮੈਂਟ 'ਚ ਰਹਿਣ ਵਾਲੇ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀ

**ਲੌਂਗ-ਟਰਮ ਕੇਅਰ ਅਤੇ ਮਨੋਨੀਤ ਮਦਦਗਾਰੀ ਰਿਹਾਇਸ਼ੀ ਫੈਸਿਲਿਟੀਆਂ 'ਚ ਦੂਸਰੀ ਖੁਰਾਕ ਦੀ ਪੂਰਤੀ**

- ਐਲਬਰਟਾ ਹੈਲਥ ਸਰਵਿਸਿਜ਼ ਇਕਰਾਰਨਾਮੇ ਵਾਲੀਆਂ ਲੌਂਗ-ਟਰਮ ਕੇਅਰ ਅਤੇ ਮਨੋਨੀਤ ਮਦਦਗਾਰੀ ਰਿਹਾਇਸ਼ੀ ਫੈਸਿਲਿਟੀਆਂ ਦੇ ਨਿਵਾਸੀਆਂ ਦਾ ਕੋਵਿਡ-19 ਤੋਂ ਬਚਾਅ ਲਈ ਹੁਣ ਪੂਰੀ ਤਰ੍ਹਾਂ ਟੀਕਾਕਰਣ ਹੋ ਗਿਆ ਹੈ।
- ਸੂਬੇ ਭਰ 'ਚ 29,233 ਨਿਵਾਸੀ ਹੁਣ ਤੱਕ ਵੈਕਸੀਨ ਦੀਆਂ ਦੋਵੇਂ ਖੁਰਾਕਾਂ ਲੈ ਚੁੱਕੇ ਹਨ। ਇਹ ਗਿਣਤੀ, ਜਿਹੜੇ ਬਹੁਤ ਹੀ ਬੀਮਾਰ ਹਨ ਜਾਂ ਜਿਹੜੇ ਕਿਸੇ ਹੋਰ ਕਾਰਨ ਕਰਕੇ ਦੋਵੇਂ ਖੁਰਾਕਾਂ ਲੈਣ ਦੇ ਯੋਗ ਨਹੀਂ, ਉਨ੍ਹਾਂ ਨੂੰ ਛੱਡ ਕੇ ਇਹਨਾਂ ਫੈਸਿਲਿਟੀਆਂ ਦੇ ਸਾਰੇ ਯੋਗ ਬਣਦੇ ਨਿਵਾਸੀਆਂ ਨੂੰ ਦਰਸਾਉਂਦੀ ਹੈ।

ਐਲਬਰਟਾ ਸਰਕਾਰ ਸਹੀ ਪ੍ਰਕਾਰ ਦੇ ਉਪਾਆਵਾਂ ਸਹਿਤ ਬੀਮਾਰੀ ਦੇ ਕਰਵ ਨੂੰ ਘੱਟ ਕਰਨ, ਛੋਟੇ ਕਾਰੋਬਾਰਾਂ ਨੂੰ ਬਣੇ ਰੱਖਣ ਅਤੇ ਐਲਬਰਟਾ ਦੇ ਸਿਹਤ-ਸੰਭਾਲ ਪ੍ਰਬੰਧ ਨੂੰ ਬਚਾਈ ਰੱਖਣ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਕਰਦਿਆਂ ਕੋਵਿਡ-19 ਮਹਾਂਮਾਰੀ ਦਾ ਮੁਕਾਬਲਾ ਕਰ ਰਹੀ ਹੈ।

## ਸਬੰਧਤ ਜਾਣਕਾਰੀ

- COVID-19 vaccine program

## ਮੀਡੀਆ ਇੰਨਕੁਆਰੀਆਂ


Jerrica Goodwin
587-988-3278
Press Secretary, Office of the Premier

Tom McMillan
780-422-4905
Assistant Director of Communications, Health


*ਸਰਕਾਰ ਦੇ ਹੋਰ ਅਨੁਵਾਦਤ ਸਰੋਤਾਂ ਲਈ ਕਿਰਪਾ ਕਰਕੇ ਵੇਖੋ: https://www.alberta.ca/covid-19-translated-resources.aspx.*